# ਅਸੈਂਬਲੀ ਲੀਡ ਕਮ ਉਪ ਮੰਡਲ ਮੈਜਿਸਟਰੇਟ ਮੌੜ (ਬਠਿੰਡਾ)

ਵੱਲ :

ਸਮੂਹ ਵਿਭਾਗਾਂ ਦੇ ਮੁਖੀ,
ਵਿਧਾਨ ਸਭਾ ਹਲਕਾ ਮੌੜ

ਪੱਤਰ ਨੰ : 213/2026 ਮਿਤੀ : 21 ਜੁਲਾਈ 2026

ਵਿਸ਼ਾ : ਸੋਸ਼ਿਓ ਇਕਨਾਮਿਕਸ ਡਰੱਗਜ਼ ਜਨਗਣਨਾ 2026 ਨੂੰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸੋਸ਼ਿਓ ਇਕਨਾਮਿਕਸ ਡਰੱਗਜ਼ ਜਨਗਣਨਾ 2026 ਦਾ ਕੰਮ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤਾ ਜਾਣਾ ਹੈ। ਇਹ ਕੰਮ ਬਹੁਤ ਹੀ ਮਹੱਤਵਪੂਰਨ ਅਤੇ ਸਮਾਂ ਬੱਧ ਹੋਣ ਕਰਕੇ ਆਪ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਸੋਸ਼ਿਓ ਇਕਨਾਮਿਕਸ ਡਰੱਗਜ਼ ਜਨਗਣਨਾ 2026 ਦੇ ਕੰਮ ਲਈ ਵਿਧਾਨ ਸਭਾ ਹਲਕਾ ਮੌੜ ਵਿਖੇ ਬਤੌਰ ਗਿਣਤੀਕਾਰ ਲਗਾਏ ਗਏ ਸਮੂਹ ਕਰਮਚਾਰੀਆਂ/ਅਧਿਕਾਰੀਆਂ ਨੂੰ ਉਹਨਾਂ ਦੇ ਪਿੱਤਰੀ ਵਿਭਾਗ ਦੇ ਕੰਮ ਤੋਂ ਪੂਰਨ ਤੌਰ ਤੇ ਮਿਤੀ 25 ਜੁਲਾਈ 2026 ਤੱਕ ਫਾਰਗ ਕੀਤਾ ਜਾਵੇ ਤਾਂ ਜੋ ਇਹ ਮਹੱਤਵਪੂਰਨ ਕੰਮ ਨਿਰਧਾਰਿਤ ਸਮੇਂ ਅੰਦਰ ਸੁਚਾਰੂ, ਪ੍ਰਭਾਵਸ਼ਾਲੀ ਅਤੇ ਸਫਲਤਾਪੂਰਨ ਸੰਪੰਨ ਕੀਤਾ ਜਾ ਸਕੇ। ਸਮੂਹ ਸੁਪਰਵਾਈਜ਼ਰ ਨੂੰ ਵੀ ਲਿਖਿਆ ਜਾਂਦਾ ਹੈ ਕਿ ਹਰ ਹਾਲਤ ਵਿੱਚ ਸੋਸ਼ਿਓ ਇਕਨਾਮਿਕਸ ਡਰੱਗਜ਼ ਜਨਗਣਨਾ 2026 ਦਾ ਕੰਮ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕਰਵਾਉਣ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਅਸੈਂਬਲੀ ਲੀਡ
-ਕਮ-ਉਪ ਮੰਡਲ ਮੈਜਿਸਟਰੇਟ, ਮੌੜ

ਪਿੱਠ ਅੰਕਣ ਨੰ : 214-215/2026 ਮਿਤੀ : 21 ਜੁਲਾਈ 2026

ਇਸ ਦਾ ਇਕ ਉਤਾਰਾ -

1) ਮਾਨਯੋਗ ਡਿਪਟੀ ਕਮਿਸ਼ਨਰ ਕਮ ਪ੍ਰਿੰਸੀਪਲ ਸੈਨਸਸ ਅਫਸਰ ਬਠਿੰਡਾ ਜੀ ਪਾਸ ਜਾਣਕਾਰੀ ਹਿੱਤ।
2) ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਕਮ ਵਧੀਕ ਜਿਲ੍ਹਾ ਜਨਗਣਨਾ ਅਫਸਰ, ਬਠਿੰਡਾ ਜੀ ਪਾਸ ਜਾਣਕਾਰੀ ਹਿੱਤ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 1183 ਮਿਤੀ: 21.07.26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਸੂਚਨਾ ਹਿੱਤ ਭੇਜਿਆ ਜਾਂਦਾ ਹੈ।

21/07/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ